**BCM SCHOOL BASANT AVENUE DUGRI ROAD LUDHIANA**

**ASSIGNMENT OF IX CLASS**

1. **ਅਣਡਿੱਠਾ ਪੈਰ੍ਹੇ ਨੂੰ ਪੜ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ**

ਕੀਟ-ਨਾਸ਼ੀ ਜ਼ਹਿਰੀਲਾ ਪਾਣੀ-ਪੀਣ ਤੇ ਖੇਤਾਂ 'ਚ ਜ਼ਹਿਰੀਲੇ ਪਦਾਰਥ ਖਾਣ ਕਰਕੇ ਅਤੇ ਕਈ ਹੋਰ ਕਾਰਨਾਂ ਕਰਕੇ ਚਿੜੀਆਂ ਦੀ ਗਿਣਤੀ ਵਿੱਚ ਬੇਹੱਦ ਕਮੀ ਆਈ ਹੈ। ਕੀਟ-ਨਾਸ਼ਕ ਜ਼ਹਿਰਾਂ ਨਾਲ਼ ਭਰੀਆਂ ਸੁੰਡੀਆਂ ਖਾ ਕੇ ਚਿੜੀਆਂ ਮਰ ਰਹੀਆਂ ਹਨ। ਰਹਿਣ-ਸਹਿਣ ਦੇ ਬਦਲਾਅ ਕਾਰਨ ਚਿੜੀਆਂ ਦੀ ਨਵੀਂ ਪੀੜ੍ਹੀ ਸਹੀ ਢੰਗ ਨਾਲ ਪ੍ਰਜਣਨ ਨਹੀਂ ਕਰ ਸਕੀ। ਇੱਕ ਚਿੜੀ ਆਪਣੇ ਆਲ੍ਹਣੇ ਵਿੱਚ 2 ਤੋਂ 4 ਬੱਚਿਆਂ ਨੂੰ ਆਂਡਿਆਂ ਰਾਹੀਂ ਜਨਮ ਦਿੰਦੀ ਸੀ। ਅੱਜ ਦੇ ਬੱਚਿਆਂ ਲਈ ਚਿੜੀ ਇੱਕ ਬੁਝਾਰਤ ਬਣ ਗਈ ਹੈ। ਇਹੋ ਹਾਲ ਬਿਜੜੇ ਦਾ ਹੋ ਰਿਹਾ ਹੈ। ਤਿਲ਼ ,ਬਾਜਰਾ, ਚਰ੍ਹੀ , ਰੌਂਗੀ, ਮਸਰਾਂ ਦੀ ਘਟਦੀ ਬਿਜਾਈ, ਜੰਗਲ਼ ਤੇ ਸਰਕੰਡੇ ਖ਼ਤਮ ਹੋਣ ਕਾਰਨ ਬਿਜੜਾ ਵੀ ਅਲੋਪ ਹੋ ਰਿਹਾ ਹੈ। ਬਿਜੜੇ ਦੀ ਜਨਸੰਖਿਆ ਵਿੱਚ 75% ਕਮੀ ਆਈ ਹੈ, ਹੁਣ ਸੜਕਾਂ ਅਤੇ ਨਾਲਿਆਂ ਦੇ ਕੰਢਿਆਂ ਤੋਂ ਬਿਜੜੇ ਦੇ ਸੁੰਦਰ ਘਰ ਅਲੋਪ ਹੋ ਰਹੇ ਹਨ। ਦਰਖ਼ਤਾਂ ਦੀ ਘਾਟ ਕਾਰਨ ਬਗਲਿਆਂ ਦੀ ਤਾਦਾਦ ਵੀ ਲਗਾਤਾਰ ਘਟ ਰਹੀ ਹੈ। ਵੱਡੇ- ਵੱਡੇ ਦਰਖ਼ਤ ਖ਼ਤਮ ਹੁੰਦਿਆਂ ਹੀ ਉੱਲੂ ਖ਼ਤਮ ਹੋ ਰਹੇ ਹਨ ਅਤੇ ਚਮਗਿੱਦੜ ,ਚਾਮਚੜਿੱਕ ਤੇ ਪੰਜਾਬ ਦਾ ਸੁੰਦਰ ਪੰਛੀ ਕਠਫੋੜਾ ਵੀ ਖ਼ਤਮ ਹੋ ਰਹੇ ਹਨ ਕਿਉਂਕਿ ਇਹ ਪੁਰਾਣੇ ਦਰਖ਼ਤਾਂ ਦੀਆਂ ਖੋੜਾਂ ਵਿੱਚ ਆਪਣੇ ਘਰ ਬਣਾ ਕੇ ਆਂਡੇ ਦਿੰਦੇ ਸਨ। ਬਦਲਦੇ ਫ਼ਸਲੀ ਚੱਕਰ ਤੇ ਕੀਟ ਨਾਸ਼ਕਾਂ ਕਾਰਨ ਕਈ ਪ੍ਰਕਾਰ ਦੇ ਕੀੜੇ-ਮਕੌੜੇ ਵੀ ਧਰਤੀ ਤੋਂ ਲੁਪਤ ਹੋ ਗਏ ਹਨ। ਖੇਤਾਂ ਨੂੰ ਅੱਗ ਲਾਉਣ ਦੀ ਪ੍ਰਥਾ ਨੇ ਵੀ ਉਹਨਾਂ ਦਾ ਅੰਤ ਕਰ ਦਿੱਤਾ ਹੈ। ਫ਼ਸਲ ਕੱਟਣ ਤੋਂ ਬਾਅਦ ਪਰਾਲੀ ਨੂੰ ਅੱਗ ਲਾ ਕੇ ਖੇਤ ਸਾਫ਼ ਕਰਨ ਦਾ ਰੁਝਾਨ ਸੰਨ 1999-2000 ਤੋਂ ਸ਼ੁਰੂ ਹੋਇਆ।

* **ਪ੍ਰਸ਼ਨ ਉੱਤਰ :** 1. ਕੀਟ ਨਾਸ਼ਕ ਜ਼ਹਿਰਾਂ ਨਾਲ ਭਰੀਆਂ ਕਿਹੜੀਆਂ ਚੀਜ਼ਾਂ ਖਾ ਕੇ ਚਿੜੀਆਂ ਅਲੋਪ ਹੋ ਰਹੀਆਂ ਹਨ?

i) ਪਾਣੀ ii) ਕਈ ਪਦਾਰਥ iii) ਸੁੰਡੀਆਂ iv) ਫ਼ਸਲਾਂ

2. ਬਿਜੜੇ ਦੀ ਜਨਸੰਖਿਆ ਵਿੱਚ ਕਿੰਨੇ ਪ੍ਰਤੀਸ਼ਤ ਦੀ ਕਮੀਂ ਆਈ ਹੈ?

i) ਪਚਾਸੀ ii) ਪੰਝੱਤਰ iii) ਪੈਂਹਠ iv) ਪਚਾਨਵੇਂ

3. ਪੈਰੇ ਵਿੱਚ ਦਾਲਾਂ ਦੀਆਂ ਕਿਹੜੀ ਫਸਲ ਦੀ ਬਿਜਾਈ ਵਿੱਚ ਕਮੀ ਆਈ ਹੈ?

i) ਮਸਰ ii) ਬਾਜਰਾ iii) ਰੌਂਗੀ iv) ਚਰ੍ਹੀ

4. ਪੁਰਾਣੇ ਦਰਖਤਾਂ ਦੀਆਂ ਖੋੜਾਂ ਵਿੱਚ ਕਿਹੜੇ ਪੰਛੀ ਘਰ ਬਣਾ ਕੇ ਆਂਡੇ ਦਿੰਦੇ ਸਨ?

i) ਚਾਮਚੜਿੱਕ ii) ਬਗਲੇ iii) ਉੱਲੂ iv) ਬਿੱਜੜਾ

5. ਅਲੋਪ ਹੋ ਰਹੇ ਪੰਛੀਆਂ ਵਿੱਚੋਂ ਕਿਹੜਾ ਪੰਛੀ ਇੱਕ ਬੁਝਾਰਤ ਬਣ ਚੁੱਕਾ ਹੈ?

i) ਚਮਗਿੱਦੜ ii) ਚਿੜੀ iii) ਕਠਫੋੜਾ iv) ਬਿੱਜੜਾ

**2. ਤਸਵੀਰ ਵਰਨਣ :**



**3. ਵਿਸਮਿਕ ਅਤੇ ਉਸ ਦੀਆਂ ਕਿਸਮਾਂ :** * ਹਾਰਦਿਕ ਸਵਾਗਤ ! ਜੀ ਆਇਆਂ ! ਨੂੰ ਕਿਸ ਪ੍ਰਕਾਰ ਦੇ ਵਿਸਮਿਕ ਹਨ?

* ਦਫਾ ਹੋ ! ਅੱਜ ਤੋਂ ਬਾਅਦ ਮੇਰੇ ਮੱਥੇ ਨਾਲ ਲੱਗੀ। ਵਾਕ ਵਿੱਚੋਂ ਵਿਸਮਿਕ ਸ਼ਬਦ ਚੁਣਦੇ ਹੋਏ ਉਸ ਦੀ ਕਿਸਮ ਲਿਖੋ।

* _____! ਰਮਣੀਕ ਤਾਂ ਵੱਡਾ ਬਰਗੇਡੀਅਰ ਬਣ ਗਿਆ ਹੈ।

**4. ਕਿਰਿਆ ਅਤੇ ਉਸ ਦੀਆਂ ਕਿਸਮਾਂ :** * ਸਕਰਮਕ ਕਿਰਿਆ ਵਾਲਾ ਇੱਕ ਵਾਕ ਲਿਖੋ।

* ਦੁਕਾਨਦਾਰ ਸਾਰੇ ਸੌਦੇ ਰੱਖਦਾ ਹੈ ਵਾਕ ਵਿੱਚ ਆਇਆ 'ਰੱਖਦਾ' ਸ਼ਬਦ ਕਿਹੜੀ ਕਿਰਿਆ ਦੀ ਉਦਾਹਰਨ ਹੈ?

* ਕਿਰਿਆ ਦੀ ਬਣਤਰ ਕਿਹੜੇ ਸ਼ਬਦਾਂ ਤੋਂ ਹੁੰਦੀ ਹੈ?

**5. ਵਿਰੋਧੀ ਸ਼ਬਦ: ਵਾਕ ਵਿੱਚ ਲਕੀਰੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ**

* <u>ਲੋਕਿਕ</u> ਗੱਲਾਂ ਨਾਲ ਸਾਧੂ ਸੰਤ ਨਹੀਂ ਬਣਿਆ ਜਾ ਸਕਦਾ।

* ਸਮਾਜ ਵਿੱਚ <u>ਬੇਗੈਰਤ</u> ਲੋਕਾਂ ਦਾ ਬੋਲ ਬਾਲਾ ਹੈ।

* ਪਹਾੜ ਨੂੰ <u>ਪੱਧਰਾ</u> ਕਰਕੇ ਸੜਕ ਬਣਾਉਣ ਦਾ ਕੰਮ ਔਖਾ ਹੈ।

* ਫੁੱਲਾਂ ਦਾ <u>ਟਹਿਕਣਾ</u> ਬਾਗਾਂ ਦੀ ਰੌਣਕ ਦਾ ਇਕੱਲਾ ਕਾਰਨ ਨਹੀਂ ਹੈ।

**6. <u>ਸਿਰ</u> ਸ਼ਬਦ ਤੋਂ ਸ਼ੁਰੂ ਹੁੰਦੇ ਮੁਹਾਵਰੇ ਲਿਖੋ ਤੇ ਉਨਾਂ ਦਾ ਅਰਥ ਦੱਸਦੇ ਹੋਏ ਵਾਕ ਬਣਾਓ।**